# ਵਿਕਾਸ ਅਫ਼ਸਰ ਇਸਤਰੀ ਪ੍ਰੋਗਰਾਮ ਮਾਨਸਾ

ਇਸ ਦਫ਼ਤਰ ਦਾ ਨਾਂ ਵਿਕਾਸ ਅਫ਼ਸਰ ਇਸਤਰੀ ਪ੍ਰੋਗਰਾਮ ਹੈ। ਇਸ ਵਿੱਚ ਪ੍ਰਤੀ ਬਲਾਕ ਇੱਕ ਮੁੱਖ ਸੇਵਿਕਾ ਦੋ ਗਰਾਮ ਸੇਵਕਾ, 4 ਸਿਲਾਈ ਟੀਚਰਾਂ ਹੁੰਦੀਆਂ ਹਨ। ਇਸ ਦਫ਼ਤਰ ਵਿੱਚ ਦੋ ਕਲਰਕ, ਇੱਕ ਸੇਵਾਦਾਰ ਹੁੰਦਾ ਹੈ। ਇਹ ਦਫ਼ਤਰ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਦੀ ਬਿਲਡਿੰਗ ਵਿੱਚ ਚਲ ਰਿਹਾ ਹੈ।

***ਕਿਹੜੀਆਂ ਕਿਹੜੀਆਂ ਸਕੀਮਾਂ ਚੱਲ ਰਹੀਆਂ ਹਨ :-***

ਇਸ ਵਿੱਚ ਸੀਡ ਮਨੀ ਸਕੀਮ ਅਧੀਨ ਪਿੰਡਾਂ ਵਿੱਚ ਮਹਿਲਾ ਮੰਡਲ ਬਣਾਏ ਜਾਂਦੇ ਹਨ ਜੋ ਸਰਕਾਰ ਵੱਲੋਂ ਰਜਿਸਟਰਡ ਕਰਵਾਏ ਜਾਂਦੇ ਹਨ। ਇਸ ਸਕੀਮ ਅਧੀਨ ਸਰਕਾਰ ਵੱਲੋਂ ਜੋ ਗਰਾਂਟ ਦਿੱਤੀ ਜਾਂਦੀ ਹੈ ਉਸ ਗਰਾਂਟ ਦਾ 1/3 ਹਿੱਸਾ ਮਹਿਲਾ ਮੰਡਲ ਦੀ ਕੈਸ਼ ਕੁਲੈਕਸ਼ਨ ਦਾ ਹੁੰਦਾ ਹੈ। ਮਹਿਲਾ ਮੰਡਲ ਵਿੱਚ ਇੱਕ ਪ੍ਰਧਾਨ, ਸੈਕਟਰੀ ਅਤੇ ਖਜਾਨਚੀ ਦੀ ਚੋਣ ਕਰਦੇ ਹਨ। ਇਸ ਤੋਂ ਇਲਾਵਾ ਸੱਤ ਮੈਂਬਰੀ ਕਮੇਟੀ ਹੁੰਦੀ ਹੈ। ਇਹ ਸਾਰੇ ਮੈਂਬਰ ਆਪਣੇ ਵਿੱਚੋਂ ਹੀ ਪ੍ਰਧਾਨ, ਸੈਕਟਰੀ ਅਤੇ ਖਜਾਨਚੀ ਦੀ ਚੋਣ ਕਰਦੇ ਹਨ। ਇਹ ਸਾਰੇ ਮੈਂਬਰ ਸਲਾਹ ਕਰਕੇ ਜੋ ਵੀ ਸਮਾਨ ਖਰੀਦਣਾ ਹੁੰਦਾ ਹੈ ਉਸ ਸਬੰਧੀ ਮਤਾ ਪਾਕੇ ਖਰੀਦ ਲੈਂਦੇ ਹਨ ਜਿਵੇਂ ਫਰਨੀਚਰ, ਟੈਂਟ ਹਾਊਸ, ਬਰਤਨ, ਪੱਖੇ, ਕੂਲਰ, ਜਨਰੇਟਰ ਆਦਿ। ਇਹ ਸਮਾਨ ਮਹਿਲਾ ਮੰਡਲ ਵੱਲੋਂ ਵਿਆਹ ਸ਼ਾਦੀਆਂ ਅਤੇ ਹੋਰ ਪ੍ਰੋਗਰਾਮਾਂ ਲਈ ਕਿਰਾਏ ਤੇ ਦਿੱਤਾ ਜਾਂਦਾ ਹੈ ਜੋ ਵੀ ਇਸ ਸਮਾਨ ਦਾ ਕਿਰਾਇਆ ਆਉਂਦਾ ਹੈ ਉਸ ਨਾਲ ਟੁੱਟਿਆ ਹੋਇਆ ਸਮਾਨ ਠੀਕ ਕਰਵਾਇਆ ਜਾਂਦਾ ਹੈ ਅਤੇ ਨਵਾਂ ਸਮਾਨ ਵੀ ਬਣਾਇਆ ਜਾਂਦਾ ਹੈ। ਇਸ ਸਕੀਮ ਦੇ ਨਾਲ ਸ਼ਹਿਰ ਤੋਂ ਦੂਰ ਦੁਰਾਡੇ ਪਿੰਡਾਂ ਵਾਲਿਆਂ ਨੂੰ ਅਤੇ ਗਰੀਬ ਲੋਕਾਂ ਨੂੰ ਬਹੁਤ ਫਾਇਦਾ ਹੁੰਦਾ ਹੈ ਕਿਉਂਕਿ ਇਹ ਸਮਾਨ ਉਨ੍ਹਾਂ ਨੂੰ ਸਸਤੇ ਰੇਟਾਂ ਤੇ ਕਿਰਾਏ ਤੇ ਮਿਲ ਜਾਂਦਾ ਹੈ। ਇਸ ਤੋਂ ਇਲਾਵਾ ਸਮਾਨ ਲਿਆਉਣ ਤੇ ਵੀ ਕੋਈ ਪੈਸਾ ਨਹੀਂ ਲੱਗਦਾ।

***ਧੂੰਆ ਰਹਿਤ ਚੂੱਲ੍ਹਾ ਸਕੀਮ:-***

ਇਸ ਸਕੀਮ ਅਧੀਨ ਪਿੰਡਾਂ ਵਿੱਚ ਧੂੰਆ ਰਹਿਤ ਚੁੱਲਿਆਂ ਦੀਆਂ ਸਕੀਮਾਂ ਚਲਾਈਆਂ ਜਾਂਦੀਆਂ ਹਨ। ਜਿਸ ਦੇ ਨਾਲ ਪਿੰਡਾਂ ਦੇ ਲੋਕਾਂ ਨੂੰ ਬਹੁਤ ਫਾਇਦਾ ਹੁੰਦਾ ਹੈ। ਇਸ ਚੁੱਲ੍ਹੇ ਤੇ ਖਾਣਾ ਬਣਾਉਣ ਨਾਲ ਬਰਤਨ ਕਾਲੇ ਨਹੀਂ ਹੁੰਦੇ ਅਤੇ ਬਾਲਣ ਵੀ ਘੱਟ ਬਲਦਾ ਹੈ। ਇਸ ਨਾਲ ਅੱਖਾਂ ਤੇ ਵੀ ਧੂੰਏ ਦਾ ਮਾਰੂ ਪ੍ਰਭਾਵ ਵੀ ਨਹੀਂ ਪੈਂਦਾ ਕਿਉਂਕਿ ਧੂੰਆ ਪਾਇਪ ਰਾਹੀਂ ਉਪਰ ਨਿੱਕਲ ਜਾਂਦਾ ਹੈ। ਇਸ ਤੋਂ ਇਲਾਵਾ ਇਸ ਚੁੱਲ੍ਹੇ ਤੇ ਇੱਕੋ ਸਮੇਂ ਦੋ ਚੀਜਾਂ ਇਕੱਠੀਆਂ ਤਿਆਰ ਹੋ ਜਾਂਦੀਆਂ ਹਨ। ਇਸ ਨਾਲ ਗਰੀਬ ਲੋਕਾਂ ਨੂੰ ਰੁਜ਼ਗਾਰ ਵੀ ਮਿਲਦਾ ਹੈ। ਧੂੰਆਂ ਰਹਿਤ ਚੁੱਲ੍ਹੇ ਬਣਾਉਣ ਲਈ ਪ੍ਰਤੀ ਬਲਾਕ ਦੋ-2 ਔਰਤਾਂ ਜਾਂ ਮਰਦਾਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ। ਪਟਿਆਲਾ ਵਿਖੇ ਟ੍ਰੇਨਿੰਗ ਲੈਣ ਤੋਂ ਬਾਅਦ ਹੀ ਐਸ.ਈ.ਡਬਲਯੂ. ਪਿੰਡਾਂ ਵਿੱਚ ਜਾ ਕੇ ਧੂੰਆਂ ਰਹਿਤ ਚੁੱਲ੍ਹੇ ਬਣਾਉਂਦੇ ਹਨ। ਧੂੰਆਂ ਰਹਿਤ ਚੁੱਲ੍ਹੇ ਬਣਾਉਣ ਵਾਲਿਆਂ ਨੂੰ ਜੋ ਪੇਮੈਂਟ ਕਰਨੀ ਹੁੰਦੀ ਹੈ ਉਹ ਸਰਕਾਰ ਵੱਲੋਂ ਹੀ ਆਉਂਦੀ ਹੈ। ਇਹ ਪੇਮੈਂਟ 20/- ਰੁਪਏ ਪ੍ਰਤੀ ਚੁੱਲ੍ਹੇ ਦੇ ਹਿਸਾਬ ਨਾਲ ਹੁੰਦੀ ਹੈ। 25% ਚੁੱਲ੍ਹੇ ਅਨੁਸੂਚਿਤ ਜਾਤੀ ਦੇ ਲੋਕਾਂ ਦੇ ਘਰਾਂ ਵਿੱਚ ਲਗਾਏ ਜਾਂਦੇ ਹਨ।

***ਸਿਲਾਈ ਸੈਂਟਰ ਦੀ ਸਕੀਮ:***

ਜਿਸ ਪਿੰਡ ਵਿੱਚ 20 ਲੜਕੀਆਂ ਸਿਲਾਈ ਸਿੱਖਣ ਲਈ ਤਿਆਰ ਹੋਣ, ਸਰਪੰਚ ਸੈਂਟਰ ਲਈ ਜਗ੍ਹਾ ਦਾ ਪ੍ਰਬੰਧ ਕਰ ਦੇਵੇ, ਉਸ ਪਿੰਡ ਵੱਲੋਂ ਮਤਾ ਪਾ ਕੇ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਪਾਸ ਭੇਜਿਆ ਜਾਂਦਾ ਹੈ। ਮੁਖ

ਸੇਵਿਕਾ ਦੀ ਸਿਫ਼ਾਰਸ਼ ਤੇ ਬੀ.ਡੀ.ਪੀ.ਓ. ਇਹ ਸਿਲਾਈ ਸੈਂਟਰ ਖੋਲ੍ਹਣ ਦੀ ਇਜਾਜਤ ਦਿੰਦਾ ਹੈ। ਇਨ੍ਹਾਂ ਲੜਕੀਆਂ ਨੂੰ ਟ੍ਰੇਨਿੰਗ ਦੇਣ ਲਈ ਸੰਮਤੀ ਵਿੱਚੋਂ ਇੱਕ ਸਿਲਾਈ ਟੀਚਰ ਦੇ ਆਰਡਰ ਕੀਤੇ ਜਾਂਦੇ ਹਨ, ਇਹ ਆਰਡਰ 6 ਮਹੀਨਿਆਂ ਲਈ ਹੀ ਹੁੰਦੇ ਹਨ। ਇਸ ਸਿਲਾਈ ਸੈਂਟਰ ਵਿੱਚ ਲੜਕੀਆਂ ਨੂੰ ਬੱਚਿਆਂ ਤੋਂ ਲੈ ਕੇ ਮਰਦਾਨਵੇਂ ਕੱਪੜਿਆਂ ਨੂੰ ਸੀਣ ਲਈ ਸਿਖਲਾਈ ਦਿੱਤੀ ਜਾਂਦੀ ਹੈ। ਸਵੈਟਰ ਬਣਾਉਣ ਅਤੇ ਕਢਾਈ ਕਰਨ ਦਾ ਕੰਮ ਵੀ ਸਿਖਾਇਆ ਜਾਂਦਾ ਹੈ। ਇਸ ਤੋਂ ਇਲਾਵਾ ਵੱਖ-2 ਤਰ੍ਹਾਂ ਦੀ ਪੇਂਟਿੰਗ ਵੀ ਸਿਖਾਈ ਜਾਂਦੀ ਹੈ। ਬੈੱਡ ਦੀਆਂ ਚਾਦਰਾਂ, ਸਿਰਹਾਣੇ, ਬੈਗ, ਹੈਂਡ ਬੈਗ ਆਦਿ ਵੀ ਸਿਖਾਏ ਜਾਂਦੇ ਹਨ ਜੋ ਕਿ ਵੱਖ-2 ਡਿਜ਼ਾਇਨ ਦੇ ਹੁੰਦੇ ਹਨ। ਇਹ ਬਜ਼ਾਰ ਨਾਲੋਂ ਬਹੁਤ ਸਸਤੇ ਰੇਟ ਤੇ ਪੈਂਦੇ ਹਨ। ਸਿੱਖਣ ਤੋਂ ਬਾਅਦ ਲੜਕੀਆਂ ਘਰਾਂ ਵਿੱਚ ਹੀ ਆਰਡਰ ਲੈ ਕੇ ਕੰਮ ਕਰਕੇ ਆਪਣੀ ਆਮਦਨ ਵਿੱਚ ਵਾਧਾ ਕਰਦੀਆਂ ਹਨ। ਇਹ ਸਕੀਮ ਗਰੀਬ ਲੋਕਾਂ ਲਈ ਬਹੁਤ ਹੀ ਫਾਇਦੇਮੰਦ ਹੈ ਕਿਉਂਕਿ ਇਸ ਸੈਂਟਰ ਦੀ ਫੀਸ 5/- ਰੁਪਏ ਪ੍ਰਤੀ ਮਹੀਨਾਂ ਹੁੰਦੀ ਹੈ। ਇਸ ਲਈ ਗਰੀਬ ਘਰਾ ਦੀਆਂ ਲੜਕੀਆਂ ਇਸ ਤੋਂ ਬਹੁਤ ਫਾਇਦਾ ਲੈਂਦੀਆਂ ਹਨ। ਇਸ ਲਈ ਇਹ ਸਕੀਮ ਬਹੁਤ ਲਾਹੇਵੰਦ ਹੈ।

## *ਖੁਰਾਕ ਪ੍ਰਦਰਸ਼ਨੀਆਂ:-*

ਇਸ ਸਕੀਮ ਅਧੀਨ ਪਿੰਡਾਂ ਵਿੱਚ ਗਰਾਮ ਸੇਵਕਾਵਾਂ ਔਰਤਾਂ ਨੂੰ ਇਕੱਠੀਆਂ ਕਰਕੇ ਉਨ੍ਹਾਂ ਨੂੰ ਮੌਸਮ ਮੁਤਾਬਕ ਅਚਾਰ, ਮੁਰੱਬੇ, ਜੈਮ, ਸਕਵੈਸ ਆਦਿ ਬਣਾਉਣ ਦੀ ਸਿਖਲਾਈ ਦਿੰਦੀਆਂ ਹਨ। ਇਸ ਤੋਂ ਇਲਾਵਾ ਉਹ ਵਾਸ਼ਿੰਗ ਪਾਊਡਰ ਅਤੇ ਸਾਬਣ ਬਣਾਉਣ ਦੀ ਸਿੱਖਿਆ ਵੀ ਦਿੰਦੀਆਂ ਹਨ। ਬਾਅਦ ਵਿੱਚ ਬਣੇ ਹੋਏ ਮਾਲ ਦੀ ਨੁਮਾਇਸ਼ ਲਗਾਉਂਦੀਆਂ ਹਨ। ਇਹ ਚੀਜਾਂ ਬਜ਼ਾਰ ਨਾਲੋਂ ਕਾਫੀ ਸਸਤੀਆਂ ਸ਼ੁੱਧ ਅਤੇ ਖੁਰਾਕੀ ਤੱਤਾਂ ਨਾਲ ਭਰਪੂਰ ਹੁੰਦੀਆਂ ਹਨ। ਇਸ ਸਕੀਮ ਤੋਂ ਪਿੰਡਾ ਦੇ ਲੋਕਾਂ ਨੂੰ ਬਹੁਤ ਫਾਇਦਾ ਹੁੰਦਾ ਹੈ।

## *ਸੈਲਫ ਹੈਲਪ ਗਰੁੱਪ:*

ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਦਾ ਮਿਆਰ ਉੱਚਾ ਚੁੱਕਣ ਲਈ ਐਸ.ਜੇ.ਐਸ.ਆਰ.ਵਾਈ. (ਸਵਰਨ ਜੈਅੰਤੀ ਸਵੈ-ਰੁਜ਼ਗਾਰ ਯੋਜਨਾ) ਅਤੇ ਨਾਬਾਰਡ ਯੋਜਨਾ ਅਧੀਨ ਸੈਲਫ ਹੈਲਪ ਗਰੁੱਪ ਬਣਾਏ ਜਾਂਦੇ ਹਨ। ਮੁੱਖ ਸੇਵਿਕਾ ਅਤੇ ਗਰਾਮ ਸੇਵਕਾ ਵੱਲੋਂ ਇਹ ਗਰੁੱਪ ਬਣਾਏ ਜਾਂਦੇ ਹਨ। ਇੱਕ ਗਰੁੱਪ ਵਿੱਚ 10 ਜਾਂ 12 ਮੈਂਬਰ ਹੁੰਦੇ ਹਨ। ਇਸ ਗਰੁੱਪ ਵਿੱਚ ਉਨ੍ਹਾਂ ਮੈਂਬਰਾਂ ਨੂੰ ਹੀ ਲਿਆ ਜਾਂਦਾ ਹੈ ਜਿਨਾਂ ਦਾ ਨਾਂ ਬੀ.ਪੀ.ਐਲ. ਸਰਵੇ ਵਿੱਚ ਹੁੰਦਾ ਹੈ। ਇਨ੍ਹਾਂ ਗਰੁੱਪਾਂ ਵਿੱਚ ਲੋਕ ਕਈ ਤਰ੍ਹਾਂ ਦੇ ਕੰਮ ਕਰਦੇ ਹਨ ਜਿਵੇਂ ਮਧੂ-ਮੱਖੀਆਂ ਦਾ ਕੰਮ, ਗੰਡੋਇਆਂ ਦੀ ਖਾਦ ਦਾ ਕੰਮ, ਤਾਣੀ ਖੱਡੀ ਦਾ ਕੰਮ, ਡੈਅਰੀ ਦਾ ਕੰਮ, ਦੁਕਾਨਦਾਰੀ ਦਾ ਕੰਮ ਆਦਿ। ਇਸ ਗਰੁੱਪ ਦੇ ਮੈਂਬਰ ਆਪਣੇ ਵਿੱਚੋਂ ਹੀ ਪ੍ਰਧਾਨ ਅਤੇ ਸੈਕਟਰੀ ਦੀ ਚੋਣ ਕਰਦੇ ਹਨ। ਪ੍ਰਧਾਨ ਅਤੇ ਸੈਕਟਰੀ ਦੇ ਨਾਮ ਤੇ ਹੀ ਬੈਂਕ ਵਿੱਚ ਇਸ ਗਰੁੱਪ ਵੱਲੋਂ ਆਪਣੇ ਵੱਲੋਂ ਪ੍ਰਤੀ ਮਹੀਨਾ 100/- ਰੁਪਇਆ ਇਕੱਠਾ ਕਰਨ ਤੋਂ ਬਾਅਦ 6 ਮਹੀਨੇ ਬਾਅਦ ਬੈਂਕ ਖਾਤਾ ਖੁਲ੍ਹਵਾਇਆ ਜਾਂਦਾ ਹੈ। ਇਸ ਗਰੁੱਪ ਨੂੰ ਸਰਕਾਰ ਵੱਲੋਂ ਕੰਮ ਦੇ ਹਿਸਾਬ ਨਾਲ 25,000/- ਜਾਂ 30,000 ਰੁਪਏ ਪ੍ਰਤੀ ਮੈਂਬਰ ਕਰਜ਼ਾ ਦਿੱਤਾ ਜਾਂਦਾ ਹੈ। ਇਸ ਕਰਜੇ ਵਿੱਚ 33% ਸਬਸਿਡੀ ਦਿੱਤੀ ਜਾਂਦੀ ਹੈ। ਇਸ ਸਕੀਮ ਵਿੱਚ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਉਹੀ ਪ੍ਰੀਵਾਰ ਲਏ ਜਾਂਦੇ ਹਨ ਜੋ ਬੈਂਕ ਦੇ ਡੀਫਾਲਟਰ ਨਾ ਹੋਣ। ਇਸ ਸਕੀਮ ਨਾਲ ਗਰੀਬ ਲੋਕਾਂ ਨੂੰ ਬਹੁਤ ਫਾਇਦਾ ਹੁੰਦਾ ਹੈ ਕਿਉਂਕਿ ਉਨ੍ਹਾਂ ਨੂੰ ਸਸਤੇ ਰੇਟ ਤੇ ਕਰਜ਼ਾ ਮਿਲ ਜਾਂਦਾ ਹੈ। ਇਸ ਤੋਂ ਇਲਾਵਾ ਕੰਮ ਕਰਨ ਲਈ ਜੋ ਵੀ ਸਿਖਲਾਈ ਦਿੱਤੀ ਜਾਂਦੀ ਹੈ ਉਹ ਵੀ ਸਰਕਾਰ ਵੱਲੋਂ ਮੁਫਤ ਦਿੱਤੀ ਜਾਂਦੀ ਹੈ। ਇਸ ਲਈ ਇਹ ਸਕੀਮ ਗਰੀਬ ਲੋਕਾਂ ਲਈ ਬਹੁਤ ਫਾਇਦੇਮੰਦ ਹੈ।